ਪਾਠ-18

## ਗਿਠਮੁਠੀਆਂ ਵਾਲ਼ਾ ਖੂਹ (ਲੇਖਕ-ਕਰਨਲ ਜਸਬੀਰ ਭੁੱਲਰ)

## 1. ਪ੍ਰਸ਼ਨ/ਉੱਤਰ



**ਪ੍ਰਸ਼ਨ ੳ. ਪਿੰਡ ਵਾਲ਼ਿਆਂ ਨੇ ਪਾਣੀ ਦੀ ਘਾਟ ਪੂਰੀ ਕਰਨ ਲਈ ਕੀ ਫ਼ੈਸਲਾ ਕੀਤਾ?**

ਉੱਤਰ : ਪਿੰਡ ਵਾਲ਼ਿਆਂ ਨੇ ਪਾਣੀ ਦੀ ਘਾਟ ਪੂਰੀ ਕਰਨ ਲਈ ਇਕ ਹੋਰ ਖੂਹ ਪੁੱਟਣ ਦਾ ਫ਼ੈਸਲਾ ਕੀਤਾ।

**ਪ੍ਰਸ਼ਨ ਅ. ਪਿੰਡ ਵਾਲ਼ਿਆਂ ਨੇ ਖੂਹ ਕਿਸ ਤਰ੍ਹਾਂ ਬਣਾਇਆ?**

ਉੱਤਰ : ਪਿੰਡ ਵਾਲ਼ਿਆਂ ਨੇ ਇਕ ਗੋਲ ਦਾਇਰਾ ਬਣਾ ਕੇ ਅੰਦਰੋਂ ਮਿੱਟੀ ਪੁੱਟਣੀ ਸ਼ੁਰੂ ਕੀਤੀ। ਜਦੋਂ ਪਾਣੀ ਸਿੰਮ ਆਇਆ ਤਾਂ ਉਸ ਵਿਚ ਚੱਕ ਨੂੰ ਉਤਾਰਿਆ ਗਿਆ। ਉਸ ਉੱਪਰ ਇਟਾਂ ਨਾਲ ਉਸਾਰੀ ਕਰ ਕੰਧ 'ਤੇ ਭਾਰ ਰੱਖਿਆ ਗਿਆ। ਖੂਹ ਵਿਚੋਂ ਗਾਰ ਕੱਢਣ ਤੇ ਉਸ ਵਿਚ ਪਾਣੀ ਭਰਨ ਲੱਗਾ। ਕੰਧ ਦਾ ਪੂਰਾ ਘੇਰਾ ਜ਼ਮੀਨ ਵਿਚ ਧੱਸ ਗਿਆ ਤੇ ਖੂਹ ਤਿਆਰ ਹੋ ਗਿਆ।

**ਪ੍ਰਸ਼ਨ ੲ. ਲੱਕੜ ਦੇ ਬਣੇ ਗੋਲ਼ ਪਹੀਏ ਦਾ ਨਾਂ ਕੀ ਸੀ? ਉਹ ਕਿਸ ਕੰਮ ਆਉਂਦਾ ਹੈ?**

ਉੱਤਰ : ਲੱਕੜ ਦੇ ਬਣੇ ਗੋਲ ਪਹੀਏ ਦਾ ਨਾਂ ਚੱਕ ਸੀ। ਇਹ ਖੂਹ ਦੀ ਕੰਧ ਦੀ ਨੀਂਹ ਦਾ ਕੰਮ ਕਰਦਾ ਹੈ।

**ਪ੍ਰਸ਼ਨ ਸ. ਸ਼ਿੱਬੂ ਵਾਗੀ ਨੇ ਖੂਹ ਅੰਦਰ ਝਾਕ ਕੇ ਕੀ ਕਿਹਾ?**

ਉੱਤਰ : ਉਸ ਨੇ ਕਿਹਾ, "ਭਰਾਵੋ! ਅੰਦਰ ਤਾਂ ਵਾਹਵਾ 'ਨੇਰ੍ਹਾ ਏ। ਮਿੱਟੀ ਧਿਆਨ ਨਾਲ਼ ਪੁੱਟਿਓ। ਇਹੋ ਜਿਹੇ ਖੂਹਾਂ ਵਿਚੋਂ ਕਈ ਵਾਰ ਗਿਠਮੁਠੀਏ ਵੀ ਨਿਕਲ਼ ਆਉਂਦੇ ਹਨ। ਜੇ ਕਿਸੇ ਗਿਠਮੁਠੀਏ ਦੇ ਥਾਂ-ਕੁਥਾਂ ਲੱਗ ਗਈ, ਤਾਂ ਜੀਵ-ਹੱਤਿਆ ਦਾ ਪਾਪ ਲੱਗੂ।"



**ਪ੍ਰਸ਼ਨ ਹ. ਗਿਠਮੁਠੀਆ ਕਿਸ ਨੂੰ ਕਹਿੰਦੇ ਹਨ? ਬਾਬਾ ਲੱਖਾ ਸਿੰਘ ਨੇ ਗਿਠਮੁਠੀਏ ਬਾਰੇ ਕੀ ਦੱਸਿਆ?**

ਉੱਤਰ : ਕਿਹਾ ਜਾਂਦਾ ਹੈ ਕਿ ਗਿਠਮੁਠੀਆ ਧਰਤੀ ਹੇਠਾਂ ਰਹਿਣ ਵਾਲ਼ਾ ਇਕ ਗਿੱਠ ਤੇ ਇਕ ਮੁੱਠ ਦਾ ਜੀਵ ਹੈ। ਬਾਬਾ ਲੱਖਾ ਸਿੰਘ ਨੇ ਦੱਸਿਆ ਕਿ ਜਦੋਂ ਉਨ੍ਹਾਂ ਖੂਹ ਪੁੱਟਿਆ, ਤਾਂ ਖੂਹ ਵਿਚੋਂ ਇਕ ਗਿਠਮੁਠੀਆ ਨਿਕਲਿਆ ਤੇ ਬਾਹਰਲੀ ਹਵਾ ਲਗਦੇ ਹੀ ਮਰ ਗਿਆ ਸੀ।

**ਪ੍ਰਸ਼ਨ ਕ. ਗਿਠਮੁਠੀਆ ਦੇਖਣ ਲਈ ਬੀਰ੍ਹੇ ਦੀ ਜਿਗਿਆਸਾ ਕਿਉਂ ਵਧ ਰਹੀ ਸੀ?**

ਉੱਤਰ : ਲੱਖਾ ਸਿੰਘ ਤੇ ਮਿਸਤਰੀ ਮਾਹਣਾ ਸਿੰਘ ਦੇ ਮੂੰਹੋਂ ਗਿਠਮੁਠੀਆਂ ਦੀਆਂ ਗੱਲਾਂ ਸੁਣ ਕੇ ਬੀਰੇ ਦੀ ਗਿਠਮੁਠੀਏ ਦੇਖਣ ਦੀ ਜਿਗਿਆਸਾ ਵਧ ਗਈ।

**ਪ੍ਰਸ਼ਨ ਖ. ਸੁੱਚਾ ਸਿੰਘ ਨੇ ਗਿਠਮੁਠੀਆਂ ਬਾਰੇ ਬੀਰ੍ਹੇ ਨੂੰ ਅਸਲ ਸਚਾਈ ਕੀ ਦੱਸੀ?**

ਉੱਤਰ : ਸੁੱਚਾ ਸਿੰਘ ਨੇ ਬੀਰੇ ਨੂੰ ਦੱਸਿਆ ਕਿ ਗਿਠਮੁਠੀਆ ਨਾਂ ਦਾ ਜੀਵ ਇਕ ਕਲਪਨਾ ਮਾਤਰ ਹੈ। ਇਸ ਦੀ ਹੋਂਦ ਵਿਚ ਕੋਈ ਸਚਾਈ ਨਹੀਂ।

## 2. ਔਖੇ ਸ਼ਬਦਾਂ ਦੇ ਅਰਥ :

| | | |
|---|---|---|
| ਥੁੜ੍ਹ | : | ਕਮੀ, ਘਾਟ |
| ਸ਼ਾਮਲਾਟ | : | ਪਿੰਡ ਦੀ ਸਾਂਝੀ ਜ਼ਮੀਨ |
| ਨਿਸ਼ਾਨਦੇਹੀ | : | ਹੱਦਬੰਦੀ, ਜ਼ਮੀਨ 'ਤੇ ਨਿਸ਼ਾਨ ਲਾਉਣ ਦੀ ਪ੍ਰਕਿਰਿਆ |
| ਚੱਕ | : | ਲੱਕੜ ਦਾ ਗੋਲ਼ ਪਹੀਆ, ਜਿਸ ਉੱਤੇ ਖੂਹ ਦੀ ਕੰਧ ਉਸਾਰਦੇ ਹਨ। |
| ਕਾਮਨਾ | : | ਇੱਛਿਆ, ਖ਼ਾਹਸ਼ |
| ਧਰਾਤਲ | : | ਪੱਧਰ |
| ਕਰੰਡੀ | : | ਕਾਂਡੀ |
| ਕਾਰ-ਸੇਵਾ | : | ਸਰੋਵਰ ਆਦਿ ਵਿਚੋਂ ਲੋਕਾਂ ਦੁਆਰਾ ਗਾਰਾ ਜਾਂ ਮਿੱਟੀ ਆਦਿ ਕੱਢਣ ਦਾ ਕੰਮ |

**ਤਿਆਰ ਕਰਤਾ**
**ਗੁਰਪ੍ਰੀਤ ਸਿੰਘ ਰੂਪਰਾ, ਪੰਜਾਬੀ ਮਾਸਟਰ, 9855800683**
**ਸਮਿਸ ਪੱਖੀ ਖੁਰਦ, ਫ਼ਰੀਦਕੋਟ, roopra.gurpreet@gmail.com**

| | | |
|---|---|---|
| ਦਬੋਚਣਾ | : | ਫੜ ਲੈਣਾ |
| ਬੇਥਵ੍ਹੀਆਂ | : | ਬਿਨਾਂ ਮਤਲਬ ਤੋਂ, ਫ਼ਜ਼ੂਲ |
| ਜਿਗਿਆਸਾ | : | ਜਾਣਨ ਦੀ ਖ਼ਾਹਸ਼ |

## 3. ਹੇਠ ਲਿਖੇ ਸ਼ਬਦਾਂ ਦੀ ਵਾਕਾਂ ਵਿਚ ਵਰਤੋਂ :

1. **ਸ਼ਾਮਲਾਟ (ਪਿੰਡ ਦੀ ਸਾਂਝੀ ਥਾਂ)–** ਪਿੰਡ ਦੇ ਲੋਕਾਂ ਨੇ ਸ਼ਾਮਲਾਟ ਵਿਚ ਪਾਰਕ ਬਣਾਉਣ ਦਾ ਫ਼ੈਸਲਾ ਕੀਤਾ।
2. **ਕਲਪਨਾ (ਜਿਹੜੀ ਗੱਲ ਮਨ ਦੀਆਂ ਸੋਚਾਂ ਵਿਚ ਹੀ ਹੋਵੇ)–** ਗਿਠਮੁਠੀਆ ਸਿਰਫ ਕਲਪਨਾ ਮਾਤਰ ਹੈ।
3. **ਹਾਸਲ ਕਰਨਾ (ਪ੍ਰਾਪਤ ਕਰਨਾ)–** ਅਸੀਂ ਸਕੂਲ ਵਿਚ ਗਿਆਨ ਹਾਸਲ ਕਰਨ ਜਾਂਦੇ ਹਾਂ।
4. **ਰੱਬ ਨੂੰ ਪਿਆਰਾ ਹੋਣਾ (ਮਰ ਜਾਣਾ)–** ਉਹ ਗੰਭੀਰ ਬਿਮਾਰੀ ਕਾਰਨ ਰੱਬ ਨੂੰ ਪਿਆਰਾ ਹੋ ਗਿਆ।
5. **ਖ਼ਾਨਦਾਨ (ਪਰਿਵਾਰ ਦਾ ਪਿਛੋਕੜ)–** ਮੇਰਾ ਦੋਸਤ ਚੰਗੇ ਖ਼ਾਨਦਾਨ ਨਾਲ਼ ਸੰਬੰਧ ਰੱਖਦਾ ਹੈ।

## 4. ਹੇਠ ਲਿਖੇ ਸ਼ਬਦ ਕਿਸ ਨੇ, ਕਿਸ ਨੂੰ ਕਹੇ :

**ੳ. "ਓ, ਬਈ ਓ! ਚਾਹ ਤਿਆਰ ਐ।"**

ਰੁੱਖਾਂ ਹੇਠ ਬੈਠੇ ਬੰਦਿਆਂ ਵਿਚੋਂ ਕਿਸੇ ਨੇ ਖੂਹ ਪੁੱਟਣ ਵਾਲ਼ੇ ਬੰਦਿਆਂ ਨੂੰ ਕਹੇ।

**ਅ. "ਤਾਇਆ! ਤੂੰ ਵੇਖੇ ਨੇ, ਗਿਠਮੁਠੀਏ?"**

ਸੁੱਚਾ ਸਿੰਘ ਨੇ ਬਾਬਾ ਕੇਹਰ ਸਿੰਘ ਨੂੰ ਕਹੇ।

**ੲ. "ਸੱਚ ਆਪ ਲੱਭਣਾ ਪੈਂਦੇ।......... ਤੇ ਤੂੰ ਸੱਚ ਲੱਭ ਲਿਆ ਏ।"**

ਸੁੱਚਾ ਸਿੰਘ ਨੇ ਬੀਰੇ ਨੂੰ ਕਹੇ।

**ਤਿਆਰ ਕਰਤਾ**
**ਗੁਰਪ੍ਰੀਤ ਸਿੰਘ ਰੂਪਰਾ, ਪੰਜਾਬੀ ਮਾਸਟਰ, 9855800683**
**ਸਮਿਸ ਪੱਖੀ ਖੁਰਦ, ਫ਼ਰੀਦਕੋਟ, roopra.gurpreet@gmail.com**